weeklypoetry.com

Exam. Code : 121103
Subject Code : 102648

B.Com. 3rd Sem. (Batch 2023-26) (CBGS)

PUNJABI COMPULSORY

Paper : BOA03002T

Time Allowed—3 Hours] [Maximum Marks—100

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

ਭਾਗ—ੳ

1. 'ਸੱਭਿਆਚਾਰ ਤੇ ਸਾਹਿਤ' ਨਿਬੰਧ ਦਾ ਸਾਰ ਲਿਖੋ।
2. 'ਪੁਤਲੀਆਂ ਦਾ ਤਮਾਸ਼ਾ' ਨਿਬੰਧ ਦਾ ਵਿਸ਼ਾ-ਵਸਤੂ ਲਿਖੋ।

ਭਾਗ—ਅ

3. 'ਜ਼ਫ਼ਰਨਾਮਾ' ਇਕਾਂਗੀ ਦਾ ਵਿਸ਼ਾ-ਵਸਤੂ ਲਿਖੋ।
4. 'ਜੁੱਤੀਆਂ ਦਾ ਜੋੜਾ' ਇਕਾਂਗੀ ਦਾ ਰੰਗਮੰਚੀ ਪੱਖ ਤੋਂ ਵਿਸ਼ਲੇਸ਼ਣ ਕਰੋ।

ਭਾਗ—ੲ

5. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ :

ਲੋਕਨਾਚ ਉਹ ਨਾਚ ਹੈ ਜਿਸਨੂੰ ਲੋਕੀਂ ਨੱਚਦੇ ਹੋਣ। ਜਿਸ ਵਿੱਚ ਇਲਾਕੇ ਦੇ ਆਮ ਲੋਕ ਆਪਣੀਆਂ ਖ਼ੁਸ਼ੀਆਂ, ਸੱਧਰਾਂ, ਮਨ

ਦੀਆਂ ਭਾਵਨਾਵਾਂ ਅਤੇ ਵਲਵਲੇ ਦਰਸਾਉਂਦੇ ਹੋਣ। ਲੋਕ ਨਾਚ ਆਪਣੇ ਇਲਾਕੇ ਦੀ ਸੱਭਿਅਤਾ ਦਾ ਦਰਪਣ ਹੁੰਦਾ ਹੈ ਕਿਉਂਕਿ ਜਦੋਂ ਲੋਕੀਂ ਖ਼ੁਸ਼ੀ ਦੀ ਤਰੰਗ ਵਿੱਚ ਹੁੰਦੇ ਹਨ ਤਾਂ ਉਹ ਆਪਣੇ ਅਸਲੇ ਪ੍ਰਗਟ ਕਰਦੇ ਹਨ। ਮੁੱਢਲਾ ਮਨੁੱਖ ਜਦੋਂ ਖ਼ੁਸ਼ੀ ਵਿੱਚ ਆ ਕੇ ਨੱਚਣ ਲੱਗਾ ਤਾਂ ਉਸਦੇ ਸਾਥੀ ਉਸਨੂੰ ਖ਼ੁਸ਼ ਵੇਖ ਕੇ ਨਾਲ ਹੀ ਨੱਚਣ ਲੱਗ ਪਏ। ਇੱਕ ਦੀ ਖ਼ੁਸ਼ੀ ਵੱਧ ਕੇ ਕਈ ਗੁਣਾ ਹੋ ਗਈ ਜਦੋਂ ਉਸਨੇ ਦੂਜਿਆਂ ਨੂੰ ਆਪਣੀ ਖ਼ੁਸ਼ੀ ਵਿੱਚ ਮਿਤ ਹੋ ਕੇ ਨੱਚਦੇ ਵੇਖਿਆ। ਖ਼ੁਸ਼ੀਆਂ ਦੀਆਂ ਘੜੀਆਂ ਲਈ ਲੋਕ ਨਾਚ ਇਕ ਸਹਿਜ ਵਸੀਲਾ ਬਣ ਗਿਆ। ਹਰ ਖ਼ੁਸ਼ੀ ਦੇ ਸਮੇਂ ਨੱਚਣਾ ਇਕ ਰਵਾਇਤ ਬਣ ਗਿਆ। ਪੁੱਤਰ ਜੰਮਣ ਤੇ ਵਿਆਹ-ਸ਼ਾਦੀ ਉੱਤੇ, ਤਿੱਥਾਂ-ਤਿਉਹਾਰਾਂ ਉੱਤੇ, ਮੇਲਿਆਂ ਤੇ ਹੋਰ ਖ਼ੁਸ਼ੀ ਭਰੇ ਇਕੱਠਾਂ ਤੇ ਨੱਚਣਾ ਜ਼ਰੂਰੀ ਅੰਗ ਸਮਝਿਆ ਜਾਣ ਲੱਗਾ।

6. ਹੇਠ ਲਿਖੇ ਪੈਰ੍ਹੇ ਵਿਚਲੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਰੂਪ ਵਿੱਚ ਲਿਖੋ :

ਇਸ ਮਸ਼ੀਣੀ ਦੋਰ ਵਿਚ ਪੂਜੀਵਾਦ ਪਰਬੰਦ ਹੇਠ ਮਨੁਖ ਦੀਆ ਮਾਨਸਿਕ ਬਿਮਾਰੀਆ ਵਧੀਆ ਹਨ। ਅਜੋਕੇ ਮਨੁਖ ਦਾ ਜੀਵਣ ਉਤਸਾਹ ਮਰ ਰਿਹਾ ਹੈ। ਉਹ ਵਦੇਰੇ ਡਹਿੰਦੀਆ ਕਲਾ ਵਿਚ ਰਹਿੰਦਾ ਹੈ, ਗੁਸਾ, ਕਾਹਲ ਤੇ ਖਿਜ ਕਈ ਵਾਰ ਉਸਨੂ ਕਮਲਾ ਕਰ ਰਿਹਾ ਹੈ। ਇਸਦਾ ਕਾਰਣ ਮਸੀਨੀ ਸਨਅਤ ਨਾਲ ਜੀਵਣ ਵਿਚ ਪੇਦਾ ਹੋਈ ਕਾਹਲੀ ਦੱਸਿਆ ਜਾਦਾ ਹੈ। ਲੇਖਕ ਦਾ ਵਿਚਾਰ ਹੈ ਕਿ ਇਹ ਸਭ ਕੁਛ ਪੂਜੀਵਾਦ ਪਰਬੰਧ ਦਾ ਅਨਿਖੜਵਾਂ ਅਗ ਹੈ।

weeklypoetry.com

## ਭਾਗ—ਸ

7. ਵਾਕੰਸ਼ ਵਿਆਕਰਨਕ ਇਕਾਈ ਨੂੰ ਪਰਿਭਾਸ਼ਤ ਕਰਦਿਆਂ ਇਸਦਾ ਵਰਗੀਕਰਨ ਕਰੋ।

8. ਵਾਕ ਵਿਆਕਰਨਕ ਇਕਾਈ ਨੂੰ ਪਰਿਭਾਸ਼ਤ ਕਰਦਿਆਂ ਇਸਦਾ ਵਰਗੀਕਰਨ ਕਰੋ।



weeklypoetry.com